ਸੰਸਾਰ ਪ੍ਰਸਿੱਧ ਨਾਵਲ

# ਟੁੱਟਦੇ ਤਾਰੇ

ਨਰਿੰਦਰ ਸਿੰਘ 'ਸੋਚ'

9. 782

SARDAR DYAL SINGH LAHORE LIBRARY.

ਮੈਕਸਮ ਗੋਰਕੀ ਦੇ ਜਗਤ ਪ੍ਰਸਿੱਧ ਨਾਵਲ
THREE OF THEM ਦਾ ਅਨੁਵਾਦ

NATIONAL BOOK SHOP,
NISBET ROAD,
LAHORE.

ਜੀਵਨ ਮੰਦਰ ਅੰਮ੍ਰਿਤਸਰ

ਚੌਕ ਦਰਬਾਰ ਸਾਹਿਬ

# ਭੇਟਾ

ਸ: ਸੋਹਣ ਸਿੰਘ ਰਾਵਲ ਨੂੰ
ਜੋ ਨਿਰੇ ਮਨੁਖ, ਨਿਰੇ ਮਿੱਤਰ, ਨਿਰੇ ਪਿਆਰ ਸਨ
ਜਿਨ੍ਹਾਂ ਤੋਂ ਬਿਨਾਂ ਮੇਰੇ ਦਿਲ ਦਾ ਇਕ ਖੂੰਜਾ ਸਦਾ ਲਈ
ਸੁੰਞਾ ਹੋ ਗਿਆ ਹੈ।
ਮੇਰੇ ਆਪਣੇ ਨਾਲੋਂ ਉਨ੍ਹਾਂ ਦੀ ਯਾਦ, ਮੇਰੇ ਵਿਚੋਂ ਬਹੁਤੀ
ਗੂੰਜਦੀ ਹੈ।

"ਸ਼ੇਰ"

# ਟੁਟਣਾ ਹੀ ਪੈਂਦਾ ਹੈ

ਪਹਿਲੇ ਸਫੇ ਉਪਰ ਤੁਸਾਂ ਤਿੰਨ ਚਿਹਰੇ ਡਿਠੇ ਹਨ, ਇਹ ਸੁੰਦਰਤਾ, ਹਿੰਮਤ ਅਤੇ ਨਿਰਮਲਤਾ ਦੇ ਉਜਲੇ ਚਿਹਰੇ ਹਨ । ਇਨ੍ਹਾਂ ਵਿਚ ਜਿੰਦ ਹੈ, ਬੜੀ ਪਿਆਰੀ । ਜੀਵਨ ਹੈ, ਬੜਾ ਮਧੁਰ । ਹਿੰਮਤ ਹੈ, ਚਿਟਾਨਾਂ ਵਰਗੀ । ਸੁੰਦਰਤਾ ਹੈ, ਮੋਹ ਲੈਣ ਵਾਲੀ,ਜਿੰਦੜੀ ਨੂੰ ਮਿਸ਼ਰੀ ਵਾਂਗ ਘੋਲ ਦੇਣ ਵਾਲੀ। ਨਿਰਮਲਤਾ ਹੈ, ਜਿਸ ਨਾਲ ਆਪਣੇ ਆਪੇ ਦੀਆਂ ਡੂੰਘਾਈਆਂ ਤੋਂ ਬਿਨਾਂ ਖੰਡਾਂ ਬ੍ਰਹਿਮੰਡਾਂ ਨੂੰ ਆਪਣੇ ਹਥ ਵਾਂਗ ਵੇਖਿਆ ਜਾ ਸਕਦਾ ਹੈ। ਭਾਵਨਾ ਹੈ, ਰਾਗਨੀਆਂ ਵਰਗੀ ਤੇ ਆਦਰਸ਼ ਹੈ ਜੀਵਨ ਦੇ ਸੱਚੇ ਸੁਪਨੇ ਵਰਗਾ । ਇਨ੍ਹਾਂ ਵਿਚ ਹਿਰਦਾ ਹੈ, ਸਾਰੇ ਸੰਸਾਰ ਨੂੰ ਆਪਣੇ ਵਿਚ ਪਾ ਕੇ ਧੜਕ ਸਕਣ ਜੋਗਾ । ਇਨ੍ਹਾਂ ਵਿਚ ਰੀਝਾਂ ਹਨ, ਮਨੁਖੀ ਅਕਾਸ਼ ਤੇ ਚਮਕਣ ਦੀਆਂ, ਇਹ ਭੀ ਗਿੱਟੀਆਂ ਬਣਕੇ ਅਕਾਸ਼ ਦੇ ਚੱਕ ਤੇ ਹੂਟ ਲੈਣਾ ਚਾਹੁੰਦੇ ਹਨ, ਪਰ ਇਨ੍ਹਾਂ ਨੂੰ ਇਸਤਰਾਂ ਕਰਨ ਨਹੀਂ ਦਿਤਾ ਗਿਆ ।

ਕਿਉਂ ?

ਫੁਲ ਬੜੀਆਂ ਘਾਲਣਾਂ ਘਾਲਣ ਪਿਛੋਂ, ਮਹਿਕ ਇਕੱਠੀ ਕਰਕੇ ਖਿੜਦਾ ਹੈ, ਫੁਲ ਨੇ ਕਦੇ ਕਿਸੇ ਨੂੰ ਦੁਖ ਨਹੀਂ ਦਿਤਾ, ਪਰ ਇਕ ਬੇ-ਕਿਦਰ ਅਤੇ ਅੰਨ੍ਹਾਂ ਹੱਥ, ਉਸ ਨੂੰ ਸਦਾ ਘੰਡੀਓਂ ਫੜਕੇ ਮਰੋੜਦਾ ਆਇਆ ਹੈ, ਸੁੱਧਕ ਪੱਤੀ ਪੱਤੀ ਕਰਦਾ ਰਿਹਾ ਹੈ, ਪੈਰਾਂ ਹੇਠ ਮਧੋਲਕੇ ਰੂੜੀ ਤੇ ਸੁਟਦਾ ਰਿਹਾ ਹੈ । ਬਨਸਪਤੀ ਦਾ ਖੂਨੀ ਇਤਿਹਾਸ ਇਸ ਜ਼ੁਲਮ ਦੀ ਸ਼ਹਾਦਤ ਹੈ



ਕਿ ਫੁਲਾਂ ਨੂੰ ਰਹਿਣ ਨਹੀਂ ਦਿਤਾ ਜਾਂਦਾ, ਉਨ੍ਹਾਂ ਦਾ ਖੇੜਾ ਹੀ ਮੌਤ ਦਾ ਕਾਰਨ ਬਣਦਾ ਹੈ।

ਕਿਉਂ ?

ਕਸਾਈ ਆਪਣੀ ਲਹੂ ਭਰੀ ਛੁਰੀ ਨੂੰ ਹੋਲੀਆਂ ਖੇਡਦੀ ਸੁੰਦਰੀ ਸਮਝਦਾ ਹੈ, ਉਹ ਸਮਝਦਾ ਹੈ, ਉਸ ਦੇ ਜੀਵਨ ਦਾ ਮਨੋਰਥ ਹੀ ਇਹ ਹੈ ਕਿ ਦਿਨ ਰਾਤ ਉਸਦੀ ਤਿਖੀ ਛੁਰੀ ਬਕਰਿਆਂ ਨੂੰ ਗਾਜਰ ਮੂਲੀ ਸਮਝ ਕੇ ਕੱਟਦੀ ਜਾਵੇ । ਬਕਰੇ ਦੇ ਦਰਦ ਭਰੇ ਮਿਆਂਕਣ ਨੂੰ ਉਹ ਐਵੇਂ ਕੈਵੇਂ ਸਮਝਦਾ ਹੈ । ਕਦੇ ਕਿਸੇ ਨੇ ਉਸਦਾ ਹੱਥ ਨਹੀਂ ਫੜਿਆ ।

ਕਿਉਂ ?

ਵੱਡੇ ਮਗਰ ਮੱਛ, ਨਿੱਕੀਆਂ ਨਿੱਕੀਆਂ ਖੇਡਦੀਆਂ ਮਲਦੀਆਂ ਮੱਛੀਆਂ ਨੂੰ ਸਬੂਤਾ ਹੀ ਨਿਗਲ ਜਾਂਦੇ ਹਨ, ਉਹ ਕੁਝ ਲੰਮੇ ਸਾਹ ਮੂੰਹ ਅੱਡ ਕੇ ਲੈਂਦੀਆਂ ਹਨ ਤੇ ਮਿਟ ਜਾਂਦੀਆਂ ਹਨ । ਮਗਰ ਮੱਛ ਨੇ ਕਦੇ ਨਹੀ ਸੋਚਿਆ ਕਿ ਨਿੱਕਿਆਂ ਨੂੰ ਭੀ ਜੀਉਣ ਦਾ ਹੱਕ ਹੈ।

ਕਿਉਂ ?

ਜੀਉਣ ਦਾ, ਵਧਣ ਦਾ, ਮਾਨਣ ਦਾ ਤੇ ਸੱਚੇ ਆਦਰਸ਼ ਤਕ ਪਹੁੰਚਣ ਦਾ ਹਰ ਇਕ ਦਾ ਜਮਾਂਦਰੂ ਹੱਕ ਹੈ, ਪਰ ਕੀ ਇਹ ਹੱਕ ਸਭ ਲੋਕਾਂ ਕੋਲ ਹਨ ? ਨਹੀਂ ।

ਕਿਉਂ ?

ਤਰਕਵਾਦੀ,ਜਿਹੜਾ ਕਿਸੇ ਟੁਣਕ ਦੇ ਇਸ਼ਾਰੇ ਨਾਲ ਬੋਲਦਾ ਹੈ, ਕਹਿ ਦੇਵੇਗਾ–ਸੂਰਜ ਸਭ ਨੂੰ ਇਕੋ ਜੇਹੀਆਂ ਕਿਰਨਾਂ ਭੇਜਦਾ ਹੈ,ਹਵਾ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਪਾਣੀ ਸਭ ਦੀ ਪਿਆਸ ਮਿਟਾਉਂਦਾ ਹੈ, ਧਰਤੀ ਦਾ ਕਾਲਜਾ ਲੂਣਾ ਨਾਲ ਭਰਿਆ ਪਿਆ ਹੈ, ਫਿਰ ਬੂਟੇ ਚੰਗੇ ਮਾੜੇ ਕਿਉਂ ਹਨ ? ਫਿਰ ਫਲ ਖੱਟੇ ਮਿੱਠੇ ਕਿਉਂ ਹਨ ? ਫਿਰ ਫੁਲ ਵਧੀਆ ਘਟੀਆ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.